**1**

# ਖ਼ੁਦਾ

ਮੇਰਾ ਯਕੀਨ ਦੁਆ ਵਿਚ ਨਹੀਂ ਹੈ ... ਮੇਰਾ ਯਕੀਨ ਖ਼ੁਦਾ ਵਿਚ ਹੈ; ਇਸ ਕਰਕੇ ਮੈਂ ਦੁਆ ਕਰਦਾ ਹਾਂ। ਇਸ ਸਿੱਧੀ ਜਿਹੀ ਹਕੀਕਤ ਨਾਲ ਦੁਆ ਦੀ ਦੁਰਵਰਤੋਂ ਦੀ ਗੱਲ ਸਮਝ ਆ ਜਾਂਦੀ ਹੈ। ਅਸੀਂ (1) ਖ਼ੁਦਾ ਅਤੇ (2) ਯਕੀਨ ਨੂੰ ਸਮਝਣ ਵਿਚ ਨਾਕਾਮ ਰਹੇ ਹਾਂ। ਦੁਆ ਖ਼ੁਦਾ ਉੱਤੇ ਸਾਡੀ ਨਿਰਭਰਤਾ ਅਤੇ ਸਾਡੇ ਵਿਸ਼ਵਾਸ ਦੀ ਮੰਗ ਹੈ। ਸਾਡਾ ਖ਼ੁਦਾ ਨਾਲ ਗੱਲਬਾਤ ਕਰਨਾ ਇਸ ਉੱਤੇ ਨਿਰਭਰ ਹੈ ਕਿ ਅਸੀਂ ਉਸ ਨੂੰ ਕਿੰਨਾ ਕੁ ਜਾਣਦੇ ਹਾਂ। ਗੱਲ ਸਾਫ਼ ਤੌਰ ਤੇ *ਖ਼ੁਦਾ* ਦੀ ਹੈ! ਸਰਬਸੱਤਾਵਾਨ, ਅਪਰੰਪਾਰ, ਪਵਿੱਤਰ, ਅਸੀਮ, ਅਨਾਦੀ, ਸਰਬਸ਼ਕਤੀਮਾਨ, ਸਰਬਗਿਆਨੀ, ਧਰਮੀ, ਨਿਆਈ ਅਤੇ ਰਹਿਮ ਨਾਲ ਭਰਿਆ ਖ਼ੁਦਾ। ਰਚਣਹਾਰਾ, ਬਚਾਉਣ ਵਾਲਾ ਅਤੇ ਨਿਆਂ ਕਰਨ ਵਾਲਾ ਖ਼ੁਦਾ! ਅਬਰਾਹਾਮ, ਇਸਹਾਕ ਅਤੇ ਯਾਕੂਬ ਦਾ ਖ਼ੁਦਾ ਭਾਵ ਬਾਈਬਲ ਦਾ ਖ਼ੁਦਾ! *ਯਹੋਵਾਹ ਖ਼ੁਦਾ!* ਦੁਆ ਦਾ ਕੋਈ ਵੀ ਅਧਿਐਨ ਖ਼ੁਦਾ ਨਾਲ ਸਾਡੇ ਸਬੰਧ ਦੇ ਗਿਆਨ ਤੋਂ ਹੀ ਸ਼ੁਰੂ ਹੁੰਦਾ ਹੈ। ਸਾਡੇ ਲਈ ਖ਼ੁਦਾ ਨੂੰ ਭਾਲਣਾ, ਉਸ ਨੂੰ ਜਾਣਨਾ ਉਸ ਉੱਤੇ ਭਰੋਸਾ ਰੱਖਣਾ ਅਤੇ ਉਸ ਦੀ ਗੱਲ ਮੰਨਣਾ ਜ਼ਰੂਰੀ ਹੈ। ਬਿਨਾ ਦੁਆ ਦੇ ਇਸ ਦਾ ਕੋਈ ਫ਼ਾਇਦਾ ਨਹੀਂ ਹੈ। ਦੁਆ ਓਨੀ ਹੀ ਸੰਜੀਦਗੀ ਨਾਲ ਹੋਵੇਗੀ ਜਿੰਨਾ ਸਾਡੇ ਮਨ ਵਿਚ ਖ਼ੁਦਾ ਦਾ ਭੈ ਹੋਵੇਗਾ।

ਇਸ ਲਈ ਖ਼ੁਦਾ ਉੱਤੇ ਧਿਆਨ ਲਾਓ। ਅਸੀਂ ਪਹਿਲਾਂ ਖ਼ੁਦਾ ਨੂੰ ਅਤੇ ਉਸਦੇ ਬਾਅਦ ਇਬਾਦਤ ਨੂੰ ਵੇਖਦੇ ਹਾਂ। ਬੰਦਗੀ ਖ਼ੁਦਾ ਨਾਲੋਂ ਪਹਿਲਾਂ ਨਹੀਂ ਹੈ। ਸੀਨਾ ਪਹਾੜ ਉੱਤੇ ਖ਼ੁਦਾ ਦੇ ਸਾਹਮਣੇ ਆਉਣ ਤੇ ਮੂਸਾ ਕੰਬ ਗਿਆ ਸੀ ਅਤੇ ਦਾਨੀਏਲ ਮੂਰਛਿਤ ਹੋ ਗਿਆ ਸੀ ਅਤੇ ਯੂਹੰਨਾ ਰਸੂਲ ਮੁਰਦੇ ਵਾਂਗ ਹੋ ਗਿਆ ਸੀ। ਉਨ੍ਹਾਂ ਨੇ ਜ਼ਿੰਦਾ ਖ਼ੁਦਾ ਦੀ ਸੰਪ੍ਰਭੁਤਾ ਨੂੰ ਵੇਖ ਲਿਆ ਸੀ! ਖ਼ੁਦਾ ਵੱਲੋਂ ਦੁਆ ਦੀ ਪਰਿਭਾਸ਼ਾ, ਖ਼ੁਦਾ ਵਿਚ ਸਾਡੇ ਵਿਸ਼ਵਾਸ ਨਾਲ ਮਿਲਦੀ ਹੈ। ਸਾਡੀਆਂ ਦੁਆਵਾਂ ਖ਼ੁਦਾ ਨੂੰ ਸਾਡਾ ਜਵਾਬ ਹੁੰਦੀਆਂ ਹਨ। ਦੁਆ ਦੀ ਸ਼ੁਰੂਆਤ ਇਹੀ ਹੈ। ਮੈਂ ਸੀਮਤ, ਕਮਜ਼ੋਰ, ਅਗਿਆਨੀ, ਪਾਪੀ ਅਤੇ ਗੁਆਚਿਆ ਹੋਇਆ ਅਤੇ ਲਾਨ੍ਹਤੀ ਮਨੁੱਖ ਹਾਂ। ਪਾਪ ਵਿਚ ਡਿੱਗੇ ਹੋਏ ਮਨੁੱਖ ਨੂੰ ਸਰਬਸੱਤਾ ਵਾਲੇ ਖ਼ੁਦਾ ਦੀ ਲੋੜ ਹੈ! ਉਸ ਨੂੰ ਖ਼ੁਦਾ ਮਿਲ ਗਿਆ ਹੈ! ਪਾਪ ਵਿਚ ਡਿੱਗੇ ਹੋਏ ਇਨਸਾਨ ਨੂੰ ਮੁਕਤੀਦਾਤੇ ਦੀ ਲੋੜ ਹੈ! ਉਸ ਨੂੰ ਮਿਲ ਗਿਆ ਹੈ! ਅਪਰੰਪਾਰ (ਜ਼ਾਹਰੀ/ਬਾਹਰਮੁਖੀ) ਖ਼ੁਦਾ ਸੰਪੂਰਣ ਸੱਚਾਈ ਦੀ ਬੁਨਿਆਦ ਹੈ। ਸੱਤਾਵਾਦੀ ਖ਼ੁਦਾ ਦੇ ਬਿਨਾਂ ਸਦਾਚਾਰ ਨਹੀਂ ਹੋ ਸਕਦਾ। ਅਬਦੀ ਖ਼ੁਦਾ ਅਬਦੀ ਸੱਚਾਈ ਨੂੰ ਪਰਗਟ ਕਰਦਾ ਹੈ। ਪਾਪ ਵਿਚ ਡਿੱਗੇ ਹੋਏ ਮਨੁੱਖ ਨੂੰ ਖ਼ੁਦਾ ਨੂੰ *ਮਹਿਸੂਸ* ਕਰਨ ਦੀ ਨਹੀਂ, ਉਸ ਨੂੰ *ਜਾਣਨ* ਦੀ ਲੋੜ ਹੈ। ਅੱਜ ਲੋਕ ਵਿਚਾਰ ਕਰਨ ਨੂੰ ਨਹੀਂ, ਭਾਵਨਾਵਾਂ ਨੂੰ ਮਹੱਤਵ ਦਿੰਦੇ ਹਨ। ਲਿਖਤ ਵਿਚ ਕਿਤੇ ਵੀ ''ਖ਼ੁਦਾ ਨੂੰ ਮਹਿਸੂਸ'' ਕਰਨ ਦੀ ਸਿੱਖਿਆ ਨਹੀਂ ਮਿਲਦੀ।

ਲੋਕ ਇਖ਼ਤਿਆਰ ਵਾਲੇ ''ਸ੍ਰੇਸ਼ਠ ਪਰਮੇਸੁਰ'' ਨੂੰ ਨਕਾਰ ਦਿੰਦੇ ਹਨ। ਉਹ ਅੰਤਰਯਾਮੀ ਖ਼ੁਦਾ ਦੀ ਥਾਂ ਕਾਲਪਨਿਕ ਭਾਵਨਾ ਤੇ ਧਿਆਨ ਲਾਉਂਦੇ ਹਨ। ਦੂਜੇ ਸ਼ਬਦਾਂ ਵਿਚ ਬਾਈਬਲ ਦੇ ਖ਼ੁਦਾ ਨੂੰ ''ਆਪਣੀ ਸਜਾਵਟ ਦਾ ਦੇਵਤਾ'' ਸਮਝ ਲਿਆ ਜਾਂਦਾ ਹੈ। ਆਪਣੇ ਆਪ ਨੂੰ ਖ਼ੁਦਾ ਦੇ ਤੁੱਲ ਬਣਾਉਣ ਲਈ ਉੱਪਰ ਚੁੱਕਣ ਦੀ ਥਾਂ ਅਸੀਂ ਖ਼ੁਦਾ ਨੂੰ ਹੀ ਹੇਠਾਂ ਲਿਆ ਕੇ ਆਪਣੇ ਵਰਗਾ ਬਣਾ ਦਿੰਦੇ ਹਾਂ। ਭਲਾ ਇਹ ਇਵੇਂ ਨਹੀਂ: ''ਸੁਣ, ਐ ਖ਼ੁਦਾ ਤੇਰਾ ਬੰਦਾ ਫ਼ਰਮਾਉਂਦਾ ਹੈ।'' ਜਾਂ ''ਫ਼ਰਮਾ ਐ ਖ਼ੁਦਾ, ਤੇਰਾ ਬੰਦਾ ਸੁਣਦਾ ਹੈ?'' ਤੁਸੀਂ ਇਸ ਵਿੱਚੋਂ ਕਿਸ ਨੂੰ ਚੁਣਨਾ ਪਸੰਦ ਕਰੋਗੇ? ਜੇ ਤੁਸੀਂ ਕਹਿੰਦੇ ਹੋ ਕਿ ''ਖ਼ੁਦਾ ਮੇਰਾ ਸਹਿ–ਪਾਇਲਟ ਹੈ'' ਤਾਂ ਤੁਹਾਨੂੰ ਸੀਟ ਵੀ ਬਦਲਣੀ ਪਵੇਗੀ! ਦੁੱਖ ਦੀ ਗੱਲ ਹੈ ਕਿ

ਬਹੁਤ ਸਾਰੇ ਲੋਕ ਹਨ ਜੋ ਖ਼ੁਦਾ ਦੀ ਮੌਜੂਦਗੀ ਨੂੰ ਮਹਿਸੂਸ ਕਰਨ ਦਾ ਦਾਅਵਾ ਕਰਦੇ ਹਨ, ਪਰ ਉਸ ਦੀ ਅਵਾਜ਼ ਸੁਣਨ ਤੋਂ ਇਨਕਾਰ ਕਰਦੇ ਹਨ। ਪਾਪ ਵਿਚ ਡਿੱਗੇ ਹੋਏ ਮਨੁੱਖ ਲਈ ਪੂਰੀ ਬਾਈਬਲ ਵਿਚ ਇੱਕੋ ਸੁਝਾਅ ਦਿੱਤਾ ਗਿਆ ਹੈ ਅਤੇ ਉਹ ਹੈ *''ਸੁਣੋ!''* ਮਨੁੱਖ ਲਈ ਜ਼ਰੂਰੀ ਹੈ ਕਿ ਉਹ ਸੁਣਨ, ਵਿਸ਼ਵਾਸ ਕਰਨ, ਹੁਕਮ ਮੰਨਣ ਅਤੇ ਜੀਣ ਲਈ ਆਪਣੇ ਆਪ ਨੂੰ ਖ਼ੁਦਾ ਅੱਗੇ ਦੀਨ ਕਰੇ।

ਦੁਆ ਕਰਦਿਆਂ ਖ਼ਬਰਦਾਰ ਰਹੋ! ਦੁਆ ਨੂੰ ਸ਼ਰਧਾ ਭਰੇ ਢੰਗ ਨਾਲ ਲਵੋ। ਖ਼ੁਦਾ ਦੀ ਹਜ਼ੂਰੀ ਵਿਚ ਗੜਬੜ ਨਾ ਕਰੋ। ਖ਼ੁਦਾ ਦੀ ਹਜ਼ੂਰੀ ਵਿਚ ਬਚਕਾਨੀਆਂ ਹਰਕਤਾਂ ਨਾ ਕਰੋ। ਬੰਦਗੀ ਭੈ ਨਾਲ ਹੋਣੀ ਚਾਹੀਦੀ ਹੈ। ਕਿਉਂਕਿ ਸਾਡਾ ਖ਼ੁਦਾ ''ਭਸਮ ਕਰਨ ਵਾਲੀ ਅੱਗ'' ਹੈ। ''ਖ਼ੁਦਾ ਤੋਂ ਡਰੋ!'' ਗੋਡੇ ਟੇਕੋ ... ਸਿਰ ਝੁਕਾਓ ... ਕੰਬੋ ... ਸ਼ੁਕਰਗੁਜ਼ਾਰ ਮਨ ਨਾਲ ਸ਼ਾਂਤ ਅਤੇ ਸਥਿਰ ਹੋਵੋ ... ਸਮਰਪਣ ਕਰੋ ... ਤਿਆਗ ਕਰੋ ... ਵਾਅਦਾ ਕਰੋ ... ਆਨੰਦਿਤ ਹੋਵੋ ... ਖ਼ੁਦਾ ਦੀ ਵਡਿਆਈ ਕਰੋ! ਖ਼ੁਦਾ ਨੂੰ ਛੋਟਾ ਕਰਨ ਦਾ ਮਤਲਬ ਸੁਆਰਥੀ ਹੋ ਕੇ ਦੁਆ ਕਰਨਾ ਹੈ। *ਖ਼ੁਦਾ ਤਾਂ ... ਨਾ ਬਦਲਣ ਵਾਲਾ ਖ਼ੁਦਾ ਹੈ!* ਦੁਆ ਦੀ ਸ਼ੁਰੂਆਤ ਇੱਥੋਂ ਹੀ ਹੁੰਦੀ ਹੈ, ਅੱਗੇ ਵਧਦੀ ਹੈ ਅਤੇ ਮੁਕੰਮਲ ਹੁੰਦੀ ਹੈ। ਯਿਸੂ ਨੇ ਇਹੋ ਹੀ ਦੁਆ ਕੀਤੀ ਕਿ ''ਤੇਰੀ ਮਰਜ਼ੀ ਪੂਰੀ ਹੋਵੇ।'' ਸਾਨੂੰ ਇਹ ਦੁਆ ਨਹੀਂ ਕਰਨੀ ਚਾਹੀਦੀ ਕਿ ''ਤੇਰੀ ਮਰਜ਼ੀ ਬਦਲ ਜਾਵੇ।''

ਇਸ ਲਈ ਦੁਆ ਕੋਈ ਤਕਨੀਕ ਨਹੀਂ, ਬਲਕਿ ਇਕ ਰਿਸ਼ਤਾ ਹੈ। ਇਸ ਵਿਚ ਮਨੁੱਖ ਆਪਣੇ ਆਪ ਨੂੰ ਆਪਣੇ ਬਣਾਉਣ ਵਾਲੇ ਦੇ ਸਾਹਮਣੇ ਦੀਨ ਬਣਾਉਂਦਾ ਹੈ। ਦੁਆ ਵਿਚ ਮਨੁੱਖ ਡਿਊਟੀ ਦੀ ਰਿਪੋਰਟ ਦਿੰਦਾ ਹੈ। ਉਹ ਕਹਿੰਦਾ ਹੈ ਕਿ ''ਮੇਰੀ ਨਹੀਂ, ਤੇਰੀ ਮਰਜ਼ੀ ਪੂਰੀ ਹੋਵੇ!'' ''ਐ ਖ਼ੁਦਾ, ਮੈਨੂੰ ਤੇਰੀ ਲੋੜ ਹੈ; ਮੈਨੂੰ ਤੇਰੀ ਲੋੜ ਹੈ!'' ਰੂਹਾਨੀਅਤ ਦਾ ਸਾਰ ਹੀ ਨਿਰਭਰਤਾ ਹੈ। ਖ਼ੁਦਾ ਦਾ ਗਿਆਨ ਹੋਣ ਤੇ ਸਾਡੀ ਸੋਚ, ਜ਼ਿੰਦਗੀ ਅਤੇ ਦੂਜਿਆਂ ਪ੍ਰਤੀ ਸਾਡਾ ਰਵੱਈਆ ਬਦਲ ਜਾਂਦਾ ਹੈ। ਜਿਨ੍ਹਾਂ ਨੂੰ ਖ਼ੁਦਾ ਦੀ ਲੋੜ ਹੈ, ਉਹ ਦੁਆ ਕਰਦੇ ਹਨ! ਲੋਕ ਓਸੇ ਖ਼ੁਦਾ ਵਰਗੇ ਬਣ ਜਾਂਦੇ ਹਨ, ਜਿਸਦੀ ਉਹ ਬੰਦਗੀ ਕਰਦੇ ਹਨ। ਦੁਆ ਦਾ ਅਧਿਐਨ ਇਕ ਅਰਥ ਵਿਚ ਗਹਿਰਾਈ ਨਾਲ ਕੀਤਾ ਖ਼ੁਦਾ ਦਾ ਅਧਿਐਨ ਹੀ ਹੈ।